# ਕਿਸੇ ਐਮਰਜੈਂਸੀ ਦੌਰਾਨ ਕੀ ਕਰਨਾਂ ਹੈ?

## ਸੰਖੇਪ ਝਾਤ

ਐਮਰਜੈਂਸੀਆਂ ਵੱਲੋਂ ਲੋਕਾਂ, ਪ੍ਰਾਪਰਟੀਆਂ, ਆਰਥਿਕਤਾ ਅਤੇ ਵਾਤਾਵਰਣ ਨੂੰ ਗੰਭੀਰ ਨੁਕਸਾਨ ਪੁਚਾ ਸਕਣ ਦੀ ਸੰਭਾਵਨਾਂ ਹੁੰਦੀ ਹੈ। ਯਕੀਨੀ ਬਣਾਉ ਕਿ ਤੁਹਾਨੂੰ ਪਤਾ ਹੋਵੇ ਕਿ ਕਿਸੇ ਐਮਰਜੈਂਸੀ ਜਾਂ ਆਫਤ ਦੌਰਾਨ ਕਿਸ ਨੂੰ ਫੋਨ ਕਰਨਾਂ ਅਤੇ ਕੀ ਕਰਨਾਂ ਹੈ।

## ਆਪਣੇ ਆਪ ਦੀ ਰੱਖਿਆ ਕਰੋ

ਆਪਣੇ ਆਪ ਅਤੇ ਆਪਣੇ ਪਿਆਰਿਆਂ ਦੀ ਕਿਸੇ ਐਮਰਜੈਂਸੀ ਜਾਂ ਆਫਤ ਦੌਰਾਨ ਰੱਖਿਆ ਕਿਵੇਂ ਕਰਨੀ ਹੈ, ਇਹ ਖਤਰੇ 'ਤੇ ਨਿਰਭਰ ਹੋਵੇਗਾ।

### ਮੌਜੂਦ ਸਥਾਨ 'ਚ ਸ਼ੈਲਟਰ

ਅਧਿਕਾਰੀ ਤੁਹਾਨੂੰ ਮੌਜੂਦ ਸਥਾਨ 'ਚ ਸ਼ੈਲਟਰ ਲੈਣ ਲਈ ਨਿਰਦੇਸ਼ ਦੇ ਸਕਦੇ ਹਨ। ਜੇਕਰ ਇੰਜ ਹੁੰਦਾ ਹੈ ਤਾਂ ਤੁਹਾਨੂੰ ਉਥੇ ਹੀ ਰੁਕਣਾ ਚਾਹੀਦਾ ਹੈ, ਜਿੱਥੇ ਤੁਸੀਂ ਹੋ ਅਤੇ ਉਨ੍ਹਾਂ ਦੀਆਂ ਹਿਦਾਇਤਾਂ ਦਾ ਪਾਲਣ ਕਰੋ।

## ਕਮਿਊਨਿਟੀ

ਜਦੋਂ ਅਣਕਿਆਸੀਆਂ ਸਥਿਤੀਆਂ ਪੈਦਾ ਹੋ ਜਾਣ, ਤਾਂ ਤੁਹਾਡੇ ਆਲੇ ਦੁਆਲੇ ਦੇ ਲੋਕ, ਜਿਵੇਂ ਆਂਢੀ-ਗੁਆਂਢੀ, ਨਾਲ ਕੰਮ ਕਰਨ ਵਾਲੇ ਅਤੇ ਮਿੱਤਰ ਦੋਸਤ ਅਕਸਰ ਮੌਕੇ 'ਤੇ ਪੁੱਜਣ ਵਾਲੇ ਪਹਿਲੇ ਲੋਕ ਹੁੰਦੇ ਹਨ। ਜੇਕਰ ਤੁਹਾਡੇ ਗੁਆਂਢ ਭਾਈਚਾਰੇ 'ਚ ਕੁਝ ਵਾਪਰ ਜਾਂਦਾ ਹੈ, ਤਾਂ ਆਪਣੇ ਆਪ ਕੋਲੋਂ ਇਹ ਸਵਾਲ ਪੁੱਛੋ:

- ਕਿਸ ਨੂੰ ਵਧੀਕ ਸਹਾਇਤਾ ਦੀ ਲੋੜ ਹੋ ਸਕਦੀ ਹੈ?
- ਤੁਸੀਂ ਕਿਸ ਨੂੰ ਆਪਣੇ ਪਾਲਤੂਆਂ ਦਾ ਧਿਆਨ ਰੱਖਣ ਲਈ ਆਖ ਸਕਦੇ ਹੋ?
- ਫਸਟ ਏਡ ਵਾਸਤੇ ਸਰਟੀਫਾਈਡ ਕੌਣ ਹੈ?

ਆਪਣੀ ਕਮਿਊਨਿਟੀ 'ਚ ਲੋਕਾਂ ਨਾਲ ਜਾਣ-ਪਛਾਣ ਹਰ ਇਕ ਲਈ ਸਹਾਇਕ ਹੋ ਸਕਦੀ ਹੈ। ਜੇਕਰ ਤੁਹਾਡੀ ਪਹਿਲਾਂ ਆਪਣੇ ਆਂਢੀਆਂ-ਗੁਆਂਢੀਆਂ ਨਾਲ ਜਾਣ-ਪਛਾਣ ਨਹੀਂ ਬਣੀ ਹੋਈ, ਤਾਂ ਉਨ੍ਹਾਂ ਤੱਕ ਪਹੁੰਚ ਕਰਨ ਅਤੇ ਸਬੰਧ ਬਣਾਉਣ 'ਤੇ ਵਿਚਾਰ ਕਰੋ।

## ਜਾਣਕਾਰ ਰਹੋ

- ਯਕੀਨੀ ਬਣਾਉ ਕਿ ਤੁਸੀਂ ਐਲਬਰਟਾ ਐਮਰਜੈਂਸੀ ਅਲਰਟ ਐਪ ਨੂੰ ਵਾਚ ਰਹੇ ਹੋ ਤਾਂ ਕਿ ਤੁਸੀਂ ਹਮੇਸ਼ਾਂ ਤਾਜ਼ਾ ਜਾਣਕਾਰੀ ਨਾਲ ਅੱਪ-ਟੂ-ਡੇਟ ਰਹੋ।
- ਜੇਕਰ ਤੁਸੀਂ ਕਰ ਸਕਦੇ ਹੋ, ਤਾਂ ਅੱਪਡੇਟ ਕੀਤੀ ਜਾਣਕਾਰੀ ਲਈ ਆਪਣੀ ਕਮਿਊਨਿਟੀ ਦਾ ਵੈੱਬਸਾਈਟ ਜਾਂ ਸੋਸ਼ਲ ਮੀਡੀਆ ਚੈਨਲ ਵੇਖੋ।

## ਸਥਾਨ ਖਾਲੀ ਕਰਨ ਦੀਆਂ ਚਿਤਾਵਨੀਆਂ ਅਤੇ ਹੁਕਮ

ਕੁਝ ਐਮਰਜੈਂਸੀਆਂ ਅਧਿਕਾਰੀਆਂ ਨੂੰ ਸਥਾਨ ਖਾਲੀ ਕਰਨ ਲਈ ਚਿਤਾਵਨੀਆਂ ਜਾਂ ਖਾਲੀ ਕਰਨ ਦੇ ਹੁਕਮ ਜਾਰੀ ਕਰਨ ਤੱਕ ਲੈ ਜਾਂਦੀਆਂ ਹਨ।

- **ਖਾਲੀ ਕਰਨ ਦੀਆਂ ਚਿਤਾਵਨੀਆਂ** ਲੋਕਾਂ ਨੂੰ ਕਿਸੇ ਸੰਭਾਵੀ ਜਾਂ ਮੌਜੂਦਾ ਖਤਰੇ ਬਾਰੇ ਅਗਾਊਂ ਸੁਚੇਤ ਕਰਦੀਆਂ ਹਨ। ਖਾਲੀ ਕਰਨ ਦੀ ਕੋਈ ਚਿਤਾਵਨੀ ਅਗਾਂਹ ਖਾਲੀ ਕਰਨ ਦੇ ਹੁਕਮ ਤੱਕ ਪਹੁੰਚ ਸਕਦੀ ਹੈ। ਜੇਕਰ ਕੋਈ ਚਿਤਾਵਨੀ ਜਾਰੀ ਹੁੰਦੀ ਹੈ ਤਾਂ ਤੁਹਾਨੂੰ ਸਥਾਨ ਖਾਲੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।
- **ਖਾਲੀ ਕਰਨ ਦੇ ਹੁਕਮ** ਉਦੋਂ ਜਾਰੀ ਕੀਤੇ ਜਾਂਦੇ ਹਨ ਜਦੋਂ ਲੋਕਾਂ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਜ਼ਰੂਰੀ ਤੌਰ 'ਤੇ ਉਥੋਂ ਨਿਕਲਣਾ ਪੈਣਾ ਹੁੰਦਾ ਹੈ।

**ਅਧਿਕਾਰੀਆਂ ਵੱਲੋਂ ਚਿਤਾਵਨੀਆਂ ਐਮਰਜੈਂਸੀ ਦੇ ਆਧਾਰ 'ਤੇ ਵੱਖ ਵੱਖ ਹੋ ਸਕਦੀਆਂ ਹਨ ਅਤੇ ਇਹ ਝਟਪਟ ਬਦਲ ਵੀ ਸਕਦੀਆਂ ਹਨ। ਤੁਹਾਡੀ ਕਮਿਊਨਿਟੀ 'ਚ ਕੀ ਹੋ ਰਿਹਾ ਹੈ, ਇਸ ਬਾਰੇ ਜਾਣਕਾਰ ਹੋਣਾ ਤੁਹਾਡੀ ਜ਼ਿੰਦਗੀ ਬਚਾ ਸਕਦਾ ਹੈ।**

## ਆਪਣੇ ਪਾਲਤੂਆਂ ਦੀ ਰੱਖਿਆ ਕਰੋ

ਉਨ੍ਹਾਂ ਜਾਨਵਰਾਂ ਦੇ ਸ਼ੈਲਟਰਾਂ, ਵੈਟਰਿਨੇਰੀਅਨਾਂ ਅਤੇ ਕੈਨਲ ਫੈਸਿਲਿਟੀਆਂ ਦੇ ਫੋਨ ਨੰਬਰਾਂ ਦੀ ਲਿਸਟ ਬਣਾ ਲਵੋ, ਜਿਹੜੇ ਜ਼ਰੂਰਤ ਪੈਣ 'ਤੇ ਤੁਹਾਡੇ ਪਾਲਤੂ ਨੂੰ ਰੱਖ ਸਕਦੇ ਹਨ। ਆਪਣੇ ਗਵਾਂਢੀ ਨਾਲ ਬਡੀ ਸਿਸਟਮ ਬਣਾ ਲੈਣਾ ਵੀ ਮਦਦ ਕਰਦਾ ਹੈ, ਉਸ ਸੂਰਤ ਵਿਚ ਕਿ ਜੇਕਰ ਤੁਸੀਂ ਆਪਣੇ ਪਾਲਤੂ ਨੂੰ ਚੁੱਕਣ ਵਾਸਤੇ ਘਰ ਵਾਪਸ ਮੁੜਨ ਦੇ ਯੋਗ ਨਾ ਹੋਵੋ।

ਝਟਪਟ ਫੜਨ ਅਤੇ ਚੱਲ ਪੈਣ ਵਾਲਾ ਪਾਲਤੂ ਸਪਲਾਈਆਂ ਨਾਲ ਭਰਿਆ ਕੈਰੀਅਰ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਪਾਲਤੂ ਨੂੰ ਜੋ ਵੀ ਲੋੜੀਂਦਾ ਹੋਇਆ ਹੈ ਉਹ ਮਿਲ ਸਕਦਾ ਹੋਵੇਗਾ। ਇਕ ਕਾਲਰ, ਲੀਸ਼, ਦੋ ਹਫਤਿਆਂ ਲਈ ਖਾਣਾ ਅਤੇ ਪਾਣੀ ਦਾ ਸਮਾਨ ਅਤੇ ਜੇਕਰ ਚਾਹੀਦੀਆਂ ਹੋਣ ਤਾਂ ਦਵਾਈਆਂ ਪਾਉਣੀਆਂ ਯਕੀਨੀ ਬਣਾਉ।

ਸਥਾਨ ਖਾਲੀ ਕਰਨ ਦੀ ਸੂਰਤ ਵਿਚ ਆਪਣੇ ਪਾਲਤੂ ਨੂੰ ਕਦੀ ਵੀ ਪਿਛੇ ਨਾ ਛੱਡ ਕੇ ਜਾਉ। ਪਾਲਤੂਆਂ ਲਈ ਤਿਆਰੀ ਵਾਸਤੇ ਵਧੇਰੇ ਜਾਣਕਾਰੀ Alberta.ca ਤੋਂ ਵੇਖੀ ਜਾ ਸਕਦੀ ਹੈ।


ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi

## ਜੇਕਰ ਸਮਾਂ ਹੋਵੇ...

ਹੇਠ ਲਿਖਿਆਂ 'ਤੇ ਵਿਚਾਰ ਕਰੋ:

- ਆਪਣਾ ਘਰ ਸੁਰੱਖਿਅਤ ਕਰੋ। ਕੁਝ ਕੇਸਾਂ 'ਚ ਅਧਿਕਾਰੀ ਤਹਾਨੂੰ ਐਮਰਜੈਂਸੀ ਜਾਂ ਆਫਤ ਦੇ ਆਧਾਰ 'ਤੇ ਹਿਦਾਇਤਾਂ ਵੀ ਦੇਣਗੇ। ਉਹ ਤੁਹਾਨੂੰ ਪਾਣੀ, ਬਿਜਲੀ ਜਾਂ ਗੈਸ ਬੰਦ ਕਰਨ ਲਈ ਆਖ ਸਕਦੇ ਹਨ। ਆਪਣੀਆਂ ਯੂਟਿਲਿਟੀਆਂ ਨੂੰ ਬੰਦ ਨਾ ਕਰੋ, ਜਦੋਂ ਤੱਕ ਇੰਜ ਕਰਨ ਲਈ ਹਿਦਾਇਤ ਨਹੀਂ ਮਿਲਦੀ।
- ਟਾਊਨ ਤੋਂ ਬਾਹਰਲੇ ਆਪਣੇ ਸਬੰਧੀਆਂ ਨੂੰ ਸਥਿਤੀ ਬਾਰੇ ਅੱਪਡੇਟ ਕਰਦੇ ਰਹੋ, ਉਸ ਸੂਰਤ ਵਿਚ ਕਿ ਜੇਕਰ ਤੁਸੀਂ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਤੋਂ ਅਲੱਗ ਹੋ ਜਾਂਦੇ ਹੋ। ਉਹ ਤੁਹਾਨੂੰ ਮੁੜ ਮਿਲਾਉਣ 'ਚ ਮਦਦ ਕਰ ਸਕਦੇ ਹਨ।
- ਆਪਣੇ ਮੇਲ ਬਾਕਸ 'ਚ ਨੋਟ ਛੱਡੋ ਜਿਸ ਤੋਂ ਅਧਿਕਾਰੀਆਂ ਨੂੰ ਪਤਾ ਲੱਗ ਸਕੇ ਕਿ ਤੁਸੀਂ ਕਿੱਥੇ ਜਾ ਰਹੇ ਹੋ ਅਤੇ ਤੁਹਾਡੇ ਤੱਕ ਪਹੁੰਚ ਕਿਵੇਂ ਕੀਤੀ ਜਾ ਸਕਦੀ ਹੈ।

## ਤੁਹਾਡੀ ਸਥਾਨਕ ਸਰਕਾਰ ਦਾ ਰੋਲ

ਤੁਹਾਡੀ ਸਥਾਨਕ ਸਰਕਾਰ ਪਬਲਿਕ ਸੁਰੱਖਿਆ, ਸਥਿਤੀ ਬਾਰੇ ਜਾਗਰੂਕਤਾ ਅਤੇ ਐਮਰਜੈਂਸੀ ਨਾਲ ਲੜਨ ਲਈ ਸਰੋਤ ਮੁਹੱਈਆ ਕਰਨ ਲਈ ਜ਼ਿੰਮੇਵਾਰ ਹੈ। ਖਾਸ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਅਤੇ ਡਿਊਟੀਆਂ ਦਿੱਤੀਆਂ ਜਾ ਸਕਦੀਆਂ ਹਨ ਜਿਵੇਂ ਪੁਲਿਸ, ਫਾਇਰ, ਮੈਡੀਕਲ ਅਤੇ ਤੁਹਾਡਾ ਐਮਰਜੈਂਸੀ ਮੈਨੇਜਮੈਂਟ ਦਾ ਡਾਇਰੈਕਟਰ, ਤਾਂ ਕਿ ਉਹ ਆਪਣਾ ਕੰਮ ਵਧੇਰੇ ਅਸਰਦਾਰ ਢੰਗ ਨਾਲ ਕਰ ਸਕਣ।

## ਸੂਬਾਈ ਸਰਕਾਰ ਦਾ ਰੋਲ

ਐਲਬਰਟਾ 'ਚ ਐਲਬਰਟਾ ਐਮਰਜੈਂਸੀ ਮੈਨੇਜਮੈਂਟ ਏਜੰਸੀ (AEMA) ਸੂਬੇ 'ਚ ਐਮਰਜੈਂਸੀ ਮੈਨੇਜਮੈਂਟ ਕਾਰਵਾਈਆਂ ਨੂੰ ਕੋਆਰਡੀਨੇਟ ਕਰਨ ਵਾਲੀ ਏਜੰਸੀ ਹੈ।

ਕਿਸੇ ਵੱਡੀ ਐਮਰਜੈਂਸੀ ਜਾਂ ਆਫਤ ਦੌਰਾਨ AEMA ਸਭ ਪੱਧਰ ਦੀਆਂ ਸਰਕਾਰਾਂ ਦਰਮਿਆਨ ਬਚਾਅ ਕਾਰਵਾਈਆਂ 'ਚ ਤਾਲਮੇਲ ਦੀ ਅਗਵਾਈ ਕਰਦਿਆਂ ਹੋਇਆਂ ਕਮਿਊਨਿਟੀਆਂ ਦੀ ਮਦਦ ਕਰਦੀ ਹੈ। ਇਸ 'ਚ ਸ਼ਾਮਲ ਹੋ ਸਕਦਾ ਹੈ:

- ਬਚਾਉ ਕਾਰਵਾਈਆਂ ਲਈ ਵਧੀਕ ਸਰੋਤ, ਜਿਵੇਂ ਕਰਮਚਾਰੀ ਜਾਂ ਸਾਜ਼-ਸਮਾਨ
- ਰਿਸੈਪਸ਼ਨ ਸੈਂਟਰ
- ਸਿਹਤ ਸੇਵਾਵਾਂ
- ਐਮਰਜੈਂਸੀ ਰਾਹਤ ਫੰਡ

## ਇਸ 'ਚ ਅਸੀਂ ਸਾਰੇ ਇਕੱਠੇ ਹਾਂ

ਕਈ ਸਾਰੇ ਉਦਯੋਗ, ਪ੍ਰਸਪਰ ਮਦਦ ਅਤੇ ਗੈਰ-ਸਰਕਾਰੀ ਸੰਸਥਾਵਾਂ (NGO) ਭਾਈਵਾਲਾਂ ਵਜੋਂ ਆਫਤਾਂ ਅਤੇ ਐਮਰਜੈਂਸੀ ਵਾਸਤੇ ਤਿਆਰੀ ਕਰਨ 'ਚ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ।

ਗੈਰ-ਸਰਕਾਰੀ ਸੰਸਥਾਵਾਂ ਮਦਦ ਕਰਨ ਵਾਸਤੇ ਕਮਿਊਨਿਟੀ ਮੈਂਬਰਾਂ, ਸਥਾਨਕ ਅਤੇ ਸੂਬਾਈ ਸਰਕਾਰਾਂ ਨਾਲ ਕੰਮ ਕਰਦੀਆਂ ਹਨ। ਮੁਹੱਈਆ ਕੀਤੀਆਂ ਜਾਂਦੀਆਂ ਕੁਝ ਕੁ ਸੇਵਾਵਾਂ 'ਚ ਸ਼ਾਮਲ ਹਨ:

- ਐਮਰਜੈਂਸੀ ਲਈ ਖਾਧ-ਪਦਾਰਥ, ਕੱਪੜੇ ਅਤੇ ਸ਼ੈਲਟਰ
- ਭਾਵਨਾਤਮਕ ਅਤੇ ਅਧਿਆਤਮਕ ਸਹਾਇਤਾ
- ਰਿਸੈਪਸ਼ਨ ਸੈਂਟਰਾਂ 'ਤੇ ਸਿਹਤ-ਸੰਭਾਲ ਸੇਵਾਵਾਂ

2019 ਤੋਂ ਲੈ ਕੇ ਐੱਨ ਜੀ ਓ ਕੌਂਸਲ ਆਫ ਐਲਬਰਟਾ ਦੇ ਭਾਈਵਾਲ ਹਨ:

- ਕੈਨੇਡੀਅਨ ਰੈੱਡ ਕਰਾਸ
- ਸੇਂਟ ਜੌਹਨ ਐਂਬੂਲੈਂਸ
- ਸਾਲਵੇਸ਼ਨ ਆਰਮੀ
- ਐਡਵੈਂਟਿਸਟ ਡਿਜ਼ਾਸਟਰ ਰਿਲੀਫ ਏਜੰਸੀ
- ਬਿਲੀ ਗਰਾਹਮ ਰੈਪਿਡ ਰਿਸਪਾਂਸ ਟੀਮ ਚੈਪਲੈਂਸੀ
- ਕੈਨੇਡੀਅਨ ਗਲੋਬਲ ਰਿਸਪਾਂਸ
- ਮੈਨੋਨਾਈਟ ਡਿਜ਼ਾਸਟਰ ਸਰਵਿਸ
- ਸਮਾਰੀਟਨ'ਜ਼ ਪਰਸ ਕੈਨੇਡਾ
- ਟੀਮ ਰੂਬੀਕਾਨ ਕੈਨੇਡਾ
- ਵਰਲਡ ਰੀਨਿਊ
- ਐਲਬਰਟਾ ਐੱਸ ਪੀ ਸੀ ਏ

## ਵਿੱਤੀ ਤਿਆਰੀ

- ਜੇਕਰ ਤੁਹਾਡੇ ਕੋਲੋਂ ਸਥਾਨ ਖਾਲੀ ਕਰਵਾ ਲਿਆ ਜਾਂਦਾ ਹੈ ਤਾਂ ਵਾਧੂ ਖਰਚਿਆਂ ਦੀਆਂ ਸਾਰੀਆਂ ਰਸੀਦਾਂ ਰੱਖਦੇ ਰਹੋ।
- ਆਪਣੇ ਸਾਰੇ ਸਮਾਨ ਦੀ ਇਕ ਵਿਸਤ੍ਰਿਤ ਸੂਚੀ ਬਣਾਉ।
- ਹੋਮ ਇੰਸ਼ੋਰੈਂਸ ਦਾ ਕਲੇਮ ਕਰਨ ਲਈ ਇਸਦੇ 7 ਕਦਮਾਂ ਨੂੰ ਜਾਣੋ।

ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਨਾਲ askibcwest@ibc.ca ਈਮੇਲ ਰਾਹੀਂ ਜਾਂ 1-844-227-5422 'ਤੇ ਫੋਨ ਰਾਹੀਂ ਸੰਪਰਕ ਕਰੋ। ਇੰਸ਼ਰੈਂਸ ਦੀ ਤਿਆਰੀ ਬਾਰੇ ਵਧੇਰੇ ਜਾਣਕਾਰੀ ਲਈ ibc.ca ਵੇਖੋ।

## ਵਧੇਰੇ ਜਾਣਕਾਰੀ ਲਈ

ਹੇਠ ਲਿਖਿਆਂ ਬਾਰੇ ਸਾਡੀਆਂ ਹੋਰ ਤੱਥ ਸ਼ੀਟਾਂ ਪੜ੍ਹੋ:

- ਕਿਸੇ ਐਮਰਜੈਂਸੀ ਤੋਂ ਪਹਿਲਾਂ
- ਕਿਸੇ ਐਮਰਜੈਂਸੀ ਤੋਂ ਬਾਦ
- ਤੁਸੀਂ ਤਿਆਰੀ ਕਰਨ ਬਾਰੇ ਹੋਰ ਜਾਣਕਾਰੀ **Alberta.ca**, ਜਾਂ ਆਪਣੀ ਕਮਿਊਨਿਟੀ ਦੇ ਡਾਇਰੈਕਟਰ ਆਫ ਐਮਰਜੈਂਸੀ ਮੈਨੇਜਮੈਂਟ ਨਾਲ ਸੰਪਰਕ ਕਰਕੇ ਲੈ ਸਕਦੇ ਹੋ।

ਤਿਆਰ ਹੋਵੋ:alberta.ca/emergency-preparedness.aspx

ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi